ਦਫਤਰ : ਉਪ ਮੰਡਲ ਇੰਜਨੀਅਰ, ਪ੍ਰਾਂਤਕ ਉਪ ਮੰਡਲ ਨੰ: 1, ਭਤੇਮ ਸ਼ਾਖਾ, ਬਠਿੰਡਾ।
ਸਰਕਟ ਹਾਊਸ, ਬਠਿੰਡਾ। ਈ-ਮੇਲ : sdepwdbti@gmail.com

---

ਸੇਵਾ ਵਿਖੇ

ਜਿਲਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ),
ਬਠਿੰਡਾ।

5181
11/8/25

ਜਿਲਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ),
ਬਠਿੰਡਾ।

ਨੰਬਰ: 422 ਮਿਤੀ: 05-08-25

ਵਿਸ਼ਾ: **ਸਕੂਲਾਂ ਵੱਲੋਂ PWD ਵਿਭਾਗ ਕੋਲੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਸਮੇਂ ਮੰਨਜ਼ੂਰਸ਼ੁਦਾ ਬਿਲਡਿੰਗ ਨਕਸ਼ਾ ਲਗਾਉਣ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਲੋਕ ਨਿਰਮਾਣ ਵਿਭਾਗ, ਬਠਿੰਡਾ ਵੱਲੋਂ ਹਰ ਸਾਲ ਉਹਨਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਕੂਲਾਂ ਨੂੰ ਇਮਾਰਤ ਦੀ ਸੁਰੱਖਿਆ ਸੰਬੰਧੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਇਸ ਸਬੰਧੀ ਵੇਖਣ ਵਿੱਚ ਆਇਆ ਹੈ ਕਿ ਜਦ ਸਕੂਲਾਂ ਵੱਲੋਂ ਬਿਲਡਿੰਗ ਦਾ ਸੇਫਟੀ ਸਰਟੀਫੇਕਟ ਅਪਲਾਈ ਕੀਤਾ ਜਾਂਦਾ ਹੈ, ਤਾਂ ਅਕਸਰ ਸਕੂਲਾਂ ਵੱਲੋਂ ਬੇਨਤੀ ਪੱਤਰ ਦੇ ਨਾਲ ਲੋੜੀਂਦੇ ਲੋੜੀਂਦੇ ਦਸਤਾਵੇਜ਼ ਅਧੂਰੇ ਦਿੱਤੇ ਜਾਂਦੇ ਹਨ ਅਤੇ ਖਾਸ ਤੌਰ ਤੇ ਜੋ ਬਿਲਡਿੰਗ ਦਾ ਨਕਸ਼ਾ ਮੁਹਈਆ ਕਰਵਾਇਆ ਜਾਂਦਾ ਹੈ ਉਹ ਸਮਰੱਥ ਅਥਾਰਿਟੀ (ਭਾਵ ਮੁਨੀਸੀਪਲ ਕਾਰਪੋਰੇਸ਼ਨ ਜਾਂ ਪੁੱਡਾ ਆਦਿ) ਤੋਂ ਅਪਰੂਵ ਨਹੀਂ ਹੁੰਦਾ। ਸਕੂਲ ਦੀ ਇਮਾਰਤ ਦਾ ਨਕਸ਼ਾ ਮੰਜ਼ੂਰ ਹੋਣਾ ਅਤੇ ਮੰਜ਼ੂਰ ਨਕਸ਼ੇ ਦੇ ਅਨੁਸਾਰ ਉਸਾਰੀ ਹੋਣਾ ਲਾਜਮੀ ਹੈ। ਇਸ ਸਬੰਧੀ ਹਰ ਇੱਕ ਸਕੂਲ ਨਾਲ ਵੱਖਰੇ-ਵੱਖਰੇ ਤੌਰ ਤੇ ਪੱਤਰ ਵਿਹਾਰ ਕਰਕੇ ਨਕਸ਼ਾ ਮੰਗਣ ਦੀ ਪ੍ਰਕਿਰਿਆ ਵਿੱਚ ਇਸ ਵਿਭਾਗ ਦਾ ਕਾਫ਼ੀ ਸਮਾਂ ਅਤੇ ਸਰਕਾਰੀ ਸਰੋਤ ਵਿਅਰਥ ਹੋ ਰਹੇ ਹਨ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਵੱਲੋਂ ਆਪ ਜੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਾਰੇ ਸਕੂਲਾਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣ ਕਿ ਉਹਨਾਂ ਵੱਲੋਂ PWD ਵਿਭਾਗ ਕੋਲੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਲਈ ਅਰਜ਼ੀ ਦੇਣ ਸਮੇਂ ਸਮਰੱਥ ਅਥਾਰਿਟੀ ਤੋਂ ਮਨਜ਼ੂਰਸ਼ੁਦਾ ਨਕਸ਼ਾ ਅਰਜ਼ੀ ਦੇ ਨਾਲ ਜ਼ਰੂਰ ਲਗਾਇਆ ਜਾਵੇ ਜੀ।

ਉਪ ਮੰਡਲ ਇੰਜੀਨੀਅਰ
ਪ੍ਰਾਂਤਕ ਉਪ ਮੰਡਲ ਨੰ: 1 ਭਤੇਮ ਸ਼ਾਖਾ,
ਬਠਿੰਡਾ।

ਪਿੱਠ ਅੰਕਣ ਨੰਬਰ ਮਿਤੀ

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਭਤੇਮ ਸ਼ਾਖਾ, ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ
ਪ੍ਰਾਂਤਕ ਉਪ ਮੰਡਲ ਨੰ: 1 ਭਤੇਮ ਸ਼ਾਖਾ,
ਬਠਿੰਡਾ।

ਦਫਤਰ ਜਿਲਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ
ਪਿੱਠ ਅੰਕਣ ਨੰ: ਜੀ-2/1 ( ) 2025/1026 ਮਿਤੀ: 13/8/25
ਉਪਰੋਕਤ ਦਾ ਉਤਾਰਾ ਜਿਲਾ ਬਠਿੰਡਾ ਦੇ ਸਰਕਾਰੀ, ਸਹਾਇਤਾ ਅਤੇ ਮਾਨਤਾ ਪ੍ਰਾਪਤ ਸਕੂਲਾਂ ਨੂੰ ਪੱਤਰ ਦੀ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜ਼ਿਲਾ ਸਿੱਖਿਆ ਅਫਸਰ (ਸੈ:)
ਬਠਿੰਡਾ।